Student/Registration Number | | | | | | | | | | | Centre Number | | | | | | |

**2008 Public Examination**

# Punjabi

## Continuers Level

**Thursday 16 October: 2 p.m. Eastern Standard Time**

Reading Time: 10 minutes
Working Time: 2 hours and 50 minutes

- *You have 10 minutes to read all the papers and to familiarise yourself with the requirements of the questions. You must not write during this time.*
- *Monolingual and/or bilingual printed dictionaries may be consulted during the reading time and also during the examination.*

## Section 1: Listening and Responding (30 marks)

**Instructions to Students**

1. Allow approximately 50 minutes for Section 1.
2. Write all your answers to the questions in Section 1 in this booklet in blue or black ink or ball-point pen. Space is provided for you to make notes.
3. You must answer ALL questions in Part A and Part B.
4. Answer Part A in ENGLISH and Part B in PUNJABI.
5. Write your student/registration number and the centre number (if required) on the front cover of this booklet.
6. All question booklets will be collected at the end of the examination.

*This examination is used for the HSC (New South Wales), the NTCE (Northern Territory), the SACE (South Australia), the TCE (Tasmania), the VCE (Victoria), and the WACE (Western Australia).*

*© Victorian Curriculum and Assessment Authority 2008*

**Part A** (Questions 1–3)
(20 marks)

---

*When judging performance in this part, the examiner(s) will take into account the extent to which the student demonstrates the capacity to:*

- *understand general and specific aspects of texts by identifying and analysing information and convey the information accurately and appropriately.*

---

You will hear THREE texts. Each text will be played twice. There will be a short break between the first and second playings in which you may make notes.

Listen carefully to each text and then answer the questions in ENGLISH.

**Marks** | You may make notes in this space.

**Text 1**

1. (a) What evidence is there that Noni cares for his sister? **1**

_______________________________________________

(b) Besides his studies, what activities keep Noni busy? **4**

- ______________________________
- ______________________________
- ______________________________
- ______________________________

(c) Who is the older of the two siblings? **1**

_______________________________________________

**Marks** You may make notes in this space.

**Text 2**

2. (a) Complete the following chart. **8**

| **Elements in mustard oil** | **Benefits** |
|---|---|
| • | • ________ |
| • | • ________<br>• ________ |
| • | • ________<br>• ________ |

(b) What expressions are used to promote mustard oil? **2**

________________________

________________________

**Text 3**

3. What factors have contributed to the development of India's Silicon Valley? **4**

________________________

________________________

________________________

________________________

________________________

________________________

**Part B** (Questions 4–5)
(10 marks)

---

*When judging performance in this part, the examiner(s) will take into account the extent to which the student demonstrates the capacity to:*

- *understand general and specific aspects of texts by identifying and analysing information;*
- *convey the information accurately and appropriately.*

---

You will hear TWO texts, one relating to Question 4 and one relating to Question 5. Each text will be played twice. There will be a short break between the first and second playings in which you may make notes.

Listen carefully to each text and then answer the questions in PUNJABI.

**Marks** | You may make notes in this space.

**Text 4**

4. (a) Name any two contrasting features mentioned in this poem. **2**

ਇਸ ਕਵਿਤਾ ਵਿੱਚ ਦਰਸਾਏ ਗਏ ਵੱਖਰੇ-ਵੱਖਰੇ ਰੂਪਾਂ ਵਿੱਚੋਂ ਕੋਈ ਦੋ ਦੇ ਨਾਂ ਲਿਖੋ।

- ______________________________

______________________________

- ______________________________

______________________________

(b) How does the poet describe the natural characteristics of the Punjab? **3**

ਕਵੀ ਪੰਜਾਬ ਦੇ ਕੁਦਰਤੀ ਨਜ਼ਾਰਿਆਂ (ਗੁਣਾਂ) ਨੂੰ ਕਿਵੇਂ ਪੇਸ਼ ਕਰਦਾ ਹੈ?

______________________________

______________________________

______________________________

Marks | You may make notes in this space.

**Text 5**

5. Explain Roshan’s concerns and how they are resolved. **5**

ਰੋਸ਼ਨ ਦੀਆਂ ਚਿੰਤਾਵਾਂ ਕੀ ਹਨ ਅਤੇ ਉਨ੍ਹਾਂ ਨੂੰ ਹੱਲ ਕਰਨ ਲਈ ਉਸਨੇ ਫੈਸਲਾ ਕਿਵੇਂ ਲਿਆ?

**End of Section 1**

Student/Registration Number | | | | | | | | | | | Centre Number | | | | | | |

# 2008 Public Examination

# Punjabi
## Continuers Level

## Section 2: Reading and Responding (30 marks)

**Instructions to Students**

1. Allow approximately 1 hour and 15 minutes for Section 2.
2. Write all your answers to the questions in Section 2 in this booklet in blue or black ink or ball-point pen.
3. You must answer ALL questions in Part A and Part B.
4. Answer Part A in ENGLISH and Part B in PUNJABI.
5. Write your student/registration number and the centre number (if required) on the front cover of this booklet.
6. All question booklets will be collected at the end of the examination.

*This examination is used for the HSC (New South Wales), the NTCE (Northern Territory), the SACE (South Australia), the TCE (Tasmania), the VCE (Victoria), and the WACE (Western Australia).*

*© Victorian Curriculum and Assessment Authority 2008*

**Part A** (Questions 6–7)
(20 marks)

---

*When judging performance in this part, the examiner(s) will take into account the extent to which the student demonstrates the capacity to:*

- *understand general and/or specific aspects of texts, by, for example, comparing, contrasting, summarising, or evaluating, and convey the information accurately and appropriately.*

---

6. Read the text and then answer in ENGLISH the questions that follow.

## ਰਾਬਿੰਦਰ ਨਾਥ ਟੈਗੋਰ

ਮਹਾਂ-ਕਵੀ ਰਬਿੰਦਰਨਾਥ ਟੈਗੋਰ, ਵਿਸ਼ਵ-ਸ਼ਾਂਤੀ ਦੇ ਉਪਾਸ਼ਕ ਅਤੇ ਮਨੁੱਖੀ ਏਕਤਾ ਦੇ ਦੂਤ ਸਨ। ਆਪਣੀ ਕਲਮ ਅਤੇ ਆਦਰਸ਼ ਜੀਵਨ ਰਾਹੀਂ ਉਨ੍ਹਾਂ ਨੇ ਮਨੁੱਖ ਦੀ ਸੋਚਣੀ ਦਾ ਰੂਪ ਬਦਲ ਦਿੱਤਾ।ਉਨ੍ਹਾਂ ਨੂੰ ਵਿਸ਼ਵ-ਕਵੀ ਦੀ ਉਪਾਧੀ ਮਿਲੀ। ਸਾਹਿਤ ਦੇ ਖੇਤਰ ਵਿੱਚ ਉਨ੍ਹਾਂ ਨੇ ਭਾਰਤ ਦਾ ਨਾਂ ਸੰਸਾਰ ਵਿੱਚ ਉੱਚਾ ਕੀਤਾ ਹੈ।

ਬੰਗਾਲ ਵਿੱਚ ਜਨਮੇਂ ਟੈਗੋਰ ਆਪਣੇ ਮਾਤਾ-ਪਿਤਾ ਦੇ 14ਵੇਂ ਬੱਚੇ ਸਨ।ਜਿਸ ਵਾਤਾਵਰਣ ਵਿੱਚ ਟੈਗੋਰ ਦਾ ਪਾਲਣ-ਪੋਸ਼ਣ ਹੋਇਆ ਉੱਥੇ ਇੱਕ ਪਾਸੇ ਬੇਅੰਤ ਧਨ ਦੌਲਤ ਅਤੇ ਦੂਜੇ ਪਾਸੇ ਕਲਾ ਅਤੇ ਸਾਹਿਤ ਨਾਲ ਪਿਆਰ ਸੀ।ਪਰਿਵਾਰ ਭਾਵੇਂ ਅਮੀਰ ਸੀ ਪਰ ਬੱਚਿਆਂ ਦੀ ਪਾਲਣਾ ਬੜੇ ਸਾਧਾਰਨ ਢੰਗ ਨਾਲ ਕੀਤੀ ਜਾਂਦੀ ਸੀ।ਬੱਚਿਆਂ ਨੂੰ ਆਪਣੇ ਖੇਡਣ ਲਈ ਆਪ ਚੀਜਾਂ ਈਜ਼ਾਦ ਕਰਨੀਆਂ ਪੈਂਦੀਆਂ ਸਨ। ਸ਼ਾਇਦ ਇਹੋ ਹੀ ਕਾਰਨ ਸੀ ਕਿ ਟੈਗੋਰ ਪਰਿਵਾਰ ਦੇ ਬੱਚੇ ਵੱਡੇ ਹੋ ਕੇ ਮਹਾਨ ਕਵੀ, ਚਿੱਤਰਕਾਰ, ਸੰਗੀਤਕਾਰ ਅਤੇ ਲੇਖਕ ਬਣੇ।

ਉਨ੍ਹਾਂ ਨੂੰ ਇਕਾਂਤ ਵਾਲਾ ਜੀਵਨ ਪਸੰਦ ਸੀ ਪਰ ਉਹ ਕੁਦਰਤ ਦੇ ਹਰ ਰੂਪ ਨੂੰ ਦੇਖ ਕੇ ਖੁਸ਼ ਹੁੰਦੇ। 1873 ਵਿੱਚ ਆਪਣੇ ਪਿਤਾ ਨਾਲ ਡਲਹੌਜੀ ਦੀ ਯਾਤਰਾ ਵੇਲੇ ਕੁਦਰਤ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਜਿਸ ਨੇ ਟੈਗੋਰ ਦੇ ਅੰਦਰਲੇ ਕਵੀ ਨੂੰ ਜਗਾਇਆ।

1901 ਵਿੱਚ ਟੈਗੋਰ ਨੇ ਸ਼ਾਂਤੀ-ਨਿਕੇਤਨ ਨਾਂ ਦੇ ਸਕੂਲ ਦੀ ਸਥਾਪਨਾ ਕੀਤੀ ਜੋ ਕਿ ਬਾਕੀ ਸਕੂਲਾਂ ਦੇ ਅਨੁਸ਼ਾਸ਼ਨ ਤੋਂ ਬਿਲਕੁਲ ਵੱਖਰਾ ਸੀ। ਜਮਾਤਾਂ ਜ਼ਿਆਦਾ ਕਰਕੇ ਦਰਖਤਾਂ ਥੱਲੇ ਹੀ ਲਗਦੀਆਂ ਸਨ।ਆਸ਼ਰਮ ਵਿੱਚ ਸੰਗੀਤ, ਨਾਚ, ਚਿੱਤਰਕਾਰੀ ਅਤੇ ਕਵਿਤਾ ਨਵੇਂ ਢੰਗਾਂ ਨਾਲ ਪੜ੍ਹਾਈ ਜਾਂਦੀ ਸੀ। ਇਸ ਦਾ ਮੁੱਖ ਉਦੇਸ਼ ਮਨੁੱਖ ਨੂੰ ਨੇਕ ਇਨਸਾਨ ਬਣਾਉਣਾ ਸੀ।

1913 ਵਿੱਚ ਗੀਤਾਂਜਲੀ ਲਿਖਣ ਲਈ ਨੋਬਲ ਪੁਰਸਕਾਰ ਮਿਲਿਆ। 1915 ਵਿੱਚ ਆਪ ਨੂੰ ਇੰਗਲੈਂਡ ਦੀ ਅੰਗਰੇਜ਼ ਸਰਕਾਰ ਨੇ ਸਰ ਦੀ ਉਪਾਧੀ ਦਿੱਤੀ ਪਰ 1919 ਦੇ ਜਲਿਆਂਵਾਲਾ ਬਾਗ ਦੇ ਸਾਕੇ ਦੀ ਖਬਰ ਸੁਣ ਕੇ ਆਪ ਨੇ ਇਹ ਖਿਤਾਬ ਵਾਪਸ ਕਰ ਦਿੱਤਾ। 1940 ਵਿੱਚ ਆਕਸਫੋਰਡ ਯੂਨੀਵਰਸਿਟੀ ਨੇ ਡੀ.ਲਿਟ ਦੀ ਡਿਗਰੀ ਦਿੱਤੀ। 7 ਅਗਸਤ 1941 ਵਿੱਚ ਉਨ੍ਹਾਂ ਦਾ ਦਿਹਾਂਤ, ਸੰਸਾਰ ਦੇ ਵਿਚਾਰਵਾਨਾਂ ਲਈ ਇੱਕ ਸਦਮਾ ਸੀ।

QUESTIONS

| | | Marks |
|---|---|---|
| (a) | Name three contributing factors that influenced the development of Tagore and his siblings. | **3** |
| (b) | How does the text reveal Tagore’s liking for the natural world? | **2** |
| (c) | What connections did Tagore have with England? | **2** |
| (d) | How did Tagore’s ‘Shanti Niketan’ differ from other schools? | **3** |

7. Read the text and then answer in ENGLISH the questions that follow.

## ਆਵਾਜ਼ ਪ੍ਰਦੂਸ਼ਣ

ਵਿਗਿਆਨੀਆਂ ਦੇ ਅਨੁਸਾਰ ਰੇਲ ਗੱਡੀਆਂ, ਟਰੱਕਾਂ, ਬੱਸਾਂ, ਕਾਰਾਂ ਦੇ ਹਾਰਨ ਅਤੇ ਡਿਸਕੋ ਸੰਗੀਤ 115 ਡੈਸੀਬਲ ਆਵਾਜ਼ ਪੈਦਾ ਕਰਦੇ ਹਨ। ਆਮ ਗੱਲਬਾਤ ਅਤੇ ਹਲਕੇ ਟਰੈਫਿਕ ਤੋਂ 60 ਡੈਸੀਬਲ ਆਵਾਜ਼ ਪੈਦਾ ਹੁੰਦੀ ਹੈ। ਚਲਦੀ ਹੋਈ ਇੰਜਨੀਅਰਿੰਗ ਵਰਕਸ਼ਾਪ ਅਤੇ ਕਾਰਖਾਨੇ 90 ਤੋਂ 110 ਡੈਸੀਬਲ ਆਵਾਜ਼ ਪੈਦਾ ਕਰਦੇ ਹਨ। ਹੈਲੀਕਾਪਟਰ ਅਤੇ ਹਵਾਈ ਜਹਾਜ਼ ਦੇ ਇੰਜਣ 140 ਡੈਸੀਬਲ ਤੱਕ ਆਵਾਜ਼ ਪੈਦਾ ਕਰਦੇ ਹਨ।

ਇਸ ਲਈ ਵਿਗਿਆਨੀਆਂ ਦਾ ਇਹ ਅਨੁਮਾਨ ਗਲਤ ਨਹੀਂ ਹੈ ਕਿ ਚਾਲੂ ਸਦੀ ਵਿੱਚ ਸ਼ਹਿਰੀ ਆਬਾਦੀ ਦੇ 40 ਫੀਸਦੀ ਲੋਕ ਨਾ ਸਿਰਫ ਬੋਲੇਪਣ ਦਾ ਸ਼ਿਕਾਰ ਹੋਣਗੇ, ਸਗੋਂ ਮਾਨਸਿਕ ਬਿਮਾਰੀਆਂ ਅਤੇ ਦਿਲ ਦੀਆਂ ਬਿਮਾਰੀਆਂ ਤੋਂ ਵੀ ਪ੍ਰੇਸ਼ਾਨ ਹੋਣਗੇ। ਇਸ ਕਾਰਨ ਜੇਕਰ ਸਾਨੂੰ ਜਾਨਲੇਵਾ ਆਵਾਜ਼ ਪ੍ਰਦੂਸ਼ਣ ਤੋ ਬਚਣਾ ਹੈ ਤਾਂ ਜਲਦੀ ਤੋਂ ਜਲਦੀ ਜਾਣਕਾਰੀ, ਸਾਵਧਾਨੀ ਅਤੇ ਜਾਗਰੂਕਤਾ ਵਧਾਉਣੀ ਹੋਵੇਗੀ।

ਇੱਕ ਇਨਸਾਨ ਆਵਾਜ਼ ਪ੍ਰਦੂਸ਼ਣ ਘੱਟ ਕਰਨ ਦੇ ਕਈ ਯਤਨ ਕਰ ਸਕਦਾ ਹੈ, ਜੋ ਇਸ ਤਰ੍ਹਾਂ ਹਨ-

- ਵਾਹਨ ਚਲਾਉਂਦੇ ਸਮੇਂ ਹਾਰਨ ਤਾਂ ਹੀ ਵਜਾਉ ਜੇਕਰ ਇਸ ਦੀ ਬਹੁਤ ਜ਼ਿਆਦਾ ਲੋੜ ਹੋਵੇ।
- ਸ਼ਾਦੀ-ਵਿਆਹ, ਤਿਉਹਾਰਾਂ ਅਤੇ ਹੋਰ ਉਤਸਵਾਂ ਸਮੇਂ ਸ਼ੋਰ ਪੈਦਾ ਕਰਨ ਵਾਲੇ ਯੰਤਰਾਂ ਦੇ ਪ੍ਰਯੋਗ ਤੋਂ ਬਚੋ।
- ਰੇਡੀਉ, ਟੀ.ਵੀ. ਆਦਿ ਹੌਲੀ ਆਵਾਜ਼ ਵਿੱਚ ਹੀ ਚਲਾਉ।
- ਗ਼ੈਰ-ਜ਼ਰੂਰੀ ਗੱਲਬਾਤ ਤੋਂ ਬਚੋ ਅਤੇ ਦੂਸਰਿਆਂ ਨੂੰ ਵੀ ਪ੍ਰੇਰਿਤ ਕਰੋ।
- ਮੇਲਿਆਂ ਆਦਿ ਦੇ ਦੌਰਾਨ ਆਤਿਸ਼ਬਾਜ਼ੀ, ਬੈਂਡ ਆਦਿ ਤੋਂ ਬਚੋ।
- ਪੱਛਮੀ ਢੰਗ ਦੇ ਸੰਗੀਤ ਸਮਾਰੋਹਾਂ ਦੇ ਆਯੋਜਨ ਜਾਂ ਉਨ੍ਹਾਂ ਵਿੱਚ ਸ਼ਿਰਕਤ ਕਰਨ ਤੋਂ ਬਚੋ।
- ਰੌਲੇ-ਰੱਪੇ ਵਾਲੀਆਂ ਥਾਵਾਂ 'ਤੇ ਜ਼ਿਆਦਾ ਦੇਰ ਤੱਕ ਨਾ ਰੁਕੋ।

QUESTIONS

**Marks**

(a) According to the text, what are the three major categories of noise pollution? **3**

- ________________________________________
- ________________________________________
- ________________________________________

(b) Which specific diseases, caused by noise pollution, could be decreased by raising public awareness? **3**

________________________________________________________________________

________________________________________________________________________

________________________________________________________________________

(c) If the advice given in the seven dot points were followed, who might be affected unfavourably? **4**

________________________________________________________________________

________________________________________________________________________

________________________________________________________________________

________________________________________________________________________



PLEASE TURN OVER

**Part B** (Question 8)
(10 marks)

---

*When judging performance in this part, the examiner(s) will take into account the extent to which the student demonstrates the capacity to:*

- *understand general and specific aspects of a text by identifying, analysing, and responding to information;*
- *convey information coherently (structure, sequence, accuracy and variety of vocabulary and sentence structure) and appropriately (relevance, use of conventions of the text type).*

---

8. Read the text and then answer the question in 150–200 words in PUNJABI on page 7.

ਸੰਪਾਦਕ ਸਾਹਿਬ, 15-10-2008
ਪੰਜਾਬ ਟਾਈਮਜ਼,
ਕਨਾਟ-ਪਲੇਸ, ਨਵੀਂ ਦਿੱਲੀ।

**ਵਿਸ਼ਾ: ਮੋਟਾਪਾ**

ਸ੍ਰੀਮਾਨ ਜੀ

ਮੈਂ ਤੁਹਾਡਾ ਧਿਆਨ ਇਸ ਸਮੇਂ ਚੱਲ ਰਹੀ ਸਿਹਤ ਸੰਬੰਧੀ ਸਮੱਸਿਆ ਵੱਲ ਦਿਵਾਉਣਾ ਚਾਹੁੰਦਾ ਹਾਂ। ਬੱਚੇ ਮੋਟਾਪੇ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ। ਇਸਦਾ ਕਾਰਨ ਵਿਹਲੇ ਬੈਠਕੇ ਟੈਲੀਵਿਯਨ ਦੇਖਣਾ ਅਤੇ ਵੀਡੀਓ ਖੇਡਾਂ ਖੇਡੀ ਜਾਣਾ ਹੈ। ਅੱਜ ਤੋਂ 10-15 ਸਾਲ ਪਹਿਲਾਂ ਬੱਚਿਆਂ ਦੀ ਰੁਚੀ ਇਹੋ ਜਿਹੀ ਨਹੀਂ ਸੀ। ਉਹ ਬਾਹਰ ਖੇਡਣ ਵਾਲੀਆਂ ਖੇਡਾਂ ਵਿੱਚ ਜ਼ਿਆਦਾ ਰੁਚੀ ਲੈਂਦੇ ਸਨ। ਵੱਖ-ਵੱਖ ਮਾਹਿਰਾਂ ਨੇ ਮੋਟਾਪੇ ਦੇ ਕਾਰਨ ਸਾਫਟ-ਡਰਿੰਕਸ ਅਤੇ ਜ਼ਿਆਦਾ ਖੰਡ ਦੀ ਵਰਤੋਂ ਵੀ ਦੱਸੇ ਹਨ।

ਜਦੋਂ ਅਸੀਂ ਸਕੂਲੀ ਬੱਚਿਆਂ ਵਿੱਚ ਮੋਟਾਪੇ ਦੀ ਗੱਲ ਕਰਦੇ ਹਾਂ ਤਾਂ ਸਾਡਾ ਧਿਆਨ ਸਕੂਲ ਦੀ ਕੈਨਟੀਨ ਅਤੇ ਖਾਣਾ ਖਰੀਦਦੇ ਮੋਟੇ ਬੱਚਿਆਂ ਵੱਲ ਜਾਂਦਾ ਹੈ ਪਰ ਦੱਖਣੀ ਆਸਟਰੇਲਿਆਈ ਸਿਹਤ ਵਿਭਾਗ ਵੱਲੋਂ ਕਰਵਾਏ ਗਏ ਸਰਵੇਖਣ ਅਨੁਸਾਰ ਹਰੇਕ ਪੰਜਾਂ ਵਿਚੋਂ ਇੱਕ ਬੱਚਾ ਸਕੂਲ ਆਉਣ ਤੋਂ ਪਹਿਲਾਂ ਹੀ ਵੱਧ ਭਾਰ ਵਾਲਾ ਹੁੰਦਾ ਹੈ।

ਮਾਪਿਆਂ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਉਹ ਬੱਚੇ ਨੂੰ ਲੋੜ ਅਨੁਸਾਰ ਪੋਸ਼ਟਿਕ-ਭੋਜਨ ਦੇਣ ਅਤੇ ਬੱਚੇ ਦੀ ਸਰੀਰਕ ਕਸਰਤ ਵੱਲ ਵੀ ਧਿਆਨ ਦੇਣ।

ਧੰਨਵਾਦ ਸਹਿਤ
ਸਤਿੰਦਰ ਸਿੰਘ

QUESTION

As a school canteen manager, write a formal letter to the school principal disagreeing with the criticism of children and agreeing with the statement that parents should take responsibility for their children's health.

ਇਸ ਵਿਚਾਰ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਸਿਹਤ ਦੀ ਜਿੰਮੇਵਾਰੀ ਲੈਣੀ ਚਾਹੀਦੀ ਹੈ, ਸਕੂਲ ਦੀ ਕੈਨਟੀਨ ਦੇ ਮੈਨੇਜਰ ਵਜੋਂ, ਤੁਸੀਂ ਬੱਚਿਆਂ ਦੀ ਹੋ ਰਹੀ ਆਲੋਚਨਾ ਨਾਲ ਨਾ ਸਹਿਮਤ ਹੁੰਦਿਆਂ ਹੋਇਆਂ, ਸਕੂਲ ਦੇ ਪ੍ਰਿੰਸੀਪਲ ਨੂੰ ਇੱਕ ਰਸਮੀ ਪੱਤਰ ਲਿਖੋ ।

*Do not remove this page from the question booklet.*

| Student/Registration Number | | | | | | | | | | | | Punjabi Continuers Level |
|---|---|---|---|---|---|---|---|---|---|---|---|---|

Centre Number

Question 8

**End of Section 2**

Student/Registration Number | | | | | | | | | | |   Centre Number | | | | | | |

**2008** PUBLIC EXAMINATION

# Punjabi

## Continuers Level

### Section 3: Writing in Punjabi (15 marks)

**Instructions to Students**

1. Allow approximately 45 minutes for Section 3.
2. Write your answer to a question from Section 3 in this booklet in blue or black ink or ball-point pen. Space is provided for you to make notes.
3. You must answer ONE question in PUNJABI.
4. Write your student/registration number and the centre number (if required) on the front cover of this booklet.
5. All question booklets will be collected at the end of the examination.

*This examination is used for the HSC (New South Wales), the NTCE (Northern Territory), the SACE (South Australia), the TCE (Tasmania), the VCE (Victoria), and the WACE (Western Australia).*

*© Victorian Curriculum and Assessment Authority 2008*

**Section 3** (Questions 9–12)
(15 marks)

---

*When judging performance in this section, the examiner(s) will take into account the extent to which the student demonstrates:*

- *relevance and depth of treatment of ideas, information, or opinions;*
- *accuracy and range of vocabulary and sentence structures;*
- *the capacity to structure and sequence response and capacity to use conventions of the text type.*

---

Answer ONE question from this section in 200–250 words in PUNJABI.

9. Write a review for a Punjabi film magazine in which you evaluate a Punjabi film you have seen recently.
ਇੱਕ ਪੰਜਾਬੀ ਫਿਲਮ ਜਿਹੜੀ ਤੁਸੀਂ ਹੁਣੇ ਵੇਖੀ ਹੈ, ਦਾ ਮੁਲਅੰਕਣ ਕਰਦੇ ਹੋਏ, ਦੀ ਪੜਚੋਲ, ਇੱਕ ਪੰਜਾਬੀ ਫਿਲਮੀ ਮੈਗਜ਼ੀਨ ਵਾਸਤੇ ਲਿਖੋ।

10. You dreamt that you and your family landed on a very distant planet inhabited by aliens. Write an imaginative story for your Punjabi newspaper about your experience and incidents that occurred during your stay.
ਤੁਹਾਨੂੰ ਸੁਪਨਾ ਆਇਆ ਕਿ ਤੁਸੀਂ ਆਪਣੇ ਪਰਿਵਾਰ ਸਮੇਤ ਇੱਕ ਦੂਰ-ਦੁਰਾਡੇ ਗ੍ਰਹਿ ਤੇ ਪਹੁੰਚ ਗਏ ਹੋ ਜਿਥੇ ਐਲ਼ੀਅਨਜ਼ ਰਹਿੰਦੇ ਹਨ। ਪੰਜਾਬੀ ਅਖ਼ਬਾਰ ਲਈ ਇੱਕ ਮਨਘੜਤ ਕਹਾਣੀ ਲਿਖੋ ਜਿਸ ਵਿੱਚ ਤੁਸੀਂ ਆਪਣਾ ਉੱਥੇ ਗੁਜਾਰੇ ਗਏ ਵਕਤ ਬਾਰੇ ਤਜਰਬਾ ਅਤੇ ਜੋ ਘਟਨਾਵਾਂ ਉੱਥੇ ਵਾਪਰੀਆਂ ਬਾਰੇ ਦੱਸੋ।

11. You have spent one month in India on a student exchange program. Write an article for your school's annual magazine persuading students to participate in the next exchange.
ਤੁਸੀਂ ਭਾਰਤ ਵਿੱਚ ਵਿਦਿਆਰਥੀ-ਐਕਸਚੇਂਜ ਪ੍ਰੋਗਰਾਮ ਤੇ ਇੱਕ ਮਹੀਨਾ ਬਿਤਾਇਆ ਹੈ। ਆਪਣੇ ਸਕੂਲ ਦੇ ਸਾਲਾਨਾ ਰਸਾਲੇ ਵਾਸਤੇ ਇੱਕ ਲੇਖ ਲਿਖੋ ਜਿਸ ਨਾਲ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਐਕਸਚੇਂਜ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰੋ।

12. Write an informative script for a speech to deliver at a multicultural conference on the importance of Punjabi attire in the Punjabi community's ceremonies.
ਪੰਜਾਬੀ ਲੋਕਾਂ ਦੀਆਂ ਰਸਮਾਂ ਵਿੱਚ ਪੰਜਾਬੀ ਪਹਿਰਾਵੇ ਦੀ ਮਹੱਤਤਾ ਦੱਸਣ ਲਈ ਇੱਕ ਬਹੁ-ਸੰਸਕ੍ਰਿਤਕ ਸੰਮੇਲਨ ਵਿੱਚ ਦਿੱਤੀ ਜਾਣ ਵਾਲੀ ਜਾਣਕਾਰੀ ਭਰਪੂਰ ਤਕਰੀਰ ਦਾ ਖਰੜਾ ਲਿਖੋ।

You may make notes in this space.

Question Number:

**End of Section 3**